# ਗੱਡਾ 'ਤੇ ਰੱਬ

ਇੱਕ ਵਾਰੀ ਇੱਕ ਕਿਸਾਨ ਆਪਣਾ ਗੱਡਾ ਚਲਾ ਰਿਹਾ ਸੀ। ਸੜਕ ਕੱਚੀ 'ਤੇ ਚਿੱਕੜ ਵਾਲੀ ਸੀ। ਚਿਕੜ ਵਿੱਚ ਉਸਦਾ ਗੱਡਾ ਫਸ ਗਿਆ। ਉਸਨੇਂ ਬਲਦਾਂ ਨੂੰ ਮਾਰਿਆ ਕਿ ਜ਼ੋਰ ਲਗਾਉ ਪਰ ਗੱਡਾ ਚਿਕੜ ਵਿੱਚੋਂ ਨਹੀਂ ਨਿਕਲਿਆ। ਕਿਸਾਨ ਰੋਣ ਲੱਗ ਪਿਆ। ਉਸਦਾ ਰੋਣਾ ਸੁਣ ਕੇ ਰੱਬ ਆ ਗਿਆ 'ਤੇ ਉਸਨੂੰ ਕਹਿਣ ਲੱਗਾ " ਰੋਣ ਨਾਲ ਕੁਝ ਨਹੀਂ ਸੁਧਰਦਾ। ਤੂੰ ਗੱਡੇ ਤੋਂ ਉੱਤਰ ਕੇ ਧੱਕਾ ਲਗਾ, ਬਲਦਾਂ ਨੂੰ ਵੀ ਹਲਾਸ਼ੇਰੀ ਦੇ। ਸਭ ਕੁਝ ਠੀਕ ਹੋ ਜਾਵੇਗਾ। ਕਿਸਾਨ ਨੇਂ ਉਵੇਂ ਹੀ ਕੀਤਾ। ਜਲਦੀ ਹੀ ਉਸਦਾ ਗੱਡਾ ਚਿੱਕੜ ਤੋਂ ਬਾਹਰ ਆ ਗਿਆ।

ਸਿਖਿਆ – ਹਿੰਮਤ ਨਾਂ ਹਾਰੋ। ਅਕਲ ਤੋਂ ਕੰਮ ਲਵੋ।